# ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

**ਫੇਜ-3ਬੀ-1 (ਸੈਕਟਰ-60) ਐਸ.ਏ.ਐਸ.ਨਗਰ, ਮੋਹਾਲੀ।**

**ਈਮੇਲ**: recruitment@punjabeducation.gov.in **ਫੋਨ ਨੰ**: 0172-3115378

## ਜਨਤਕ ਨਿਯੁਕਤੀਆਂ

**ਵਿਗਿਆਪਨ ਨੰ.** ਈ-1146456/ਭ.ਡ.(6)/2026171870 **ਮਿਤੀ:** ਐਸ.ਏ.ਐਸ. ਨਗਰ: 25/06/2026

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਦੇ ਮੀਮੋ ਨੰ. 1068898/2026166915-16 ਮਿਤੀ 17.06.2026 ਅਨੁਸਾਰ ਸਕੂਲ ਸਿੱਖਿਆ ਵਿਭਾਗ ਪੰਜਾਬ ਅਧੀਨ ਲੈਕਚਰਾਰ ਕਾਡਰ ਵਿੱਚ **ਵਿਸ਼ਾ ਭੂਗੋਲ (Geography)** ਦੀਆਂ **ਕੁੱਲ 8 ਅਸਾਮੀਆਂ** ਨੂੰ ਭਰਨ ਸਬੰਧੀ ਯੋਗ ਉਮੀਦਵਾਰਾਂ ਪਾਸੋਂ ਵਿਭਾਗ ਦੀ ਵੈਬਸਾਈਟ erd.punjab.gov.in ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ 01.07.2026 ਤੋਂ 31.07.2026 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਇਜ਼ ਵੰਡ/ ਵਿੱਦਿਅਕ ਯੋਗਤਾਵਾਂ ਹੇਠ ਲਿਖੇ ਅਨੁਸਾਰ ਹੈ:-

## ਲੈਕਚਰਾਰ ਭੂਗੋਲ (Geography)

| S. No. | Category | | Total no. of Vacancies | Vacancies reserved for women from Total No. of Fresh Vacancies are per Column No. 3 | Educational Qualifications |
|---|---|---|---|---|---|
| 1 | GENERAL | | 5 | 2 | Should have passed M.A. or M.Sc in Geography at least with 55% marks and should have passed B.Ed with teaching subject Geography or Social Science or Social Studies from a recognized university or institution as per guidelines of the University Grants Commission (UGC) and should have studied Geography as an elective subject in Graduation for a period of three years. OR Should have passed any other equivalent qualification, but certificate of equivalency should be given by the recognized University as per the guidelines of the University Grants Commission (UGC) |
| 2 | S.C. | (M&B) | - | - | |
| | | (R&O) | - | - | |
| 3 | B.C. | | - | - | |
| 4 | EX SERVICEMEN | GENERAL | 1 | - | |
| | | SC-M&B | - | - | |
| | | SC-R&O | - | - | |
| | | BC | 1 | - | |
| 5 | SPORTS | GENERAL | - | - | |
| | | SC-M&B | - | - | |
| | | SC-R&O | - | - | |
| 6 | PHYSICALLY HANDICAPPED | VISUALLY IMPAIRED | - | - | |
| | | HEARING IMPAIRED | - | - | |
| | | ORTHO | - | - | |
| | | I.D/M.D | - | - | |
| 7 | FREEDOM FIGHTER | | - | - | |
| 8 | ECONOMICALLY WEAKER SECTION | | 1 | - | |
| | TOTAL | | 8 | 2 | |

ਨੋਟ: ਇਨ੍ਹਾਂ ਪੋਸਟਾਂ ਦਾ ਬਾਰਡਰ ਅਤੇ ਨਾਨ-ਬਾਰਡਰ ਅਨੁਸਾਰ ਵਰਗੀਕਰਨ ਇਸ਼ਤਿਹਾਰ ਦੀ ਆਖਰੀ ਮਿਤੀ ਤੋਂ ਪਹਿਲਾਂ ਪਹਿਲਾਂ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ।

ਉਪਰੋਕਤ ਅਸਾਮੀਆਂ, ਪੰਜਾਬ ਸਰਕਾਰ ਸਿੱਖਿਆ ਵਿਭਾਗ ਵਲੋਂ ਨੋਟੀਫਾਈ Punjab Educational Service (School and Inspection) Group-B Rules, 2018 ਅਤੇ ਇਨ੍ਹਾਂ ਰੂਲਾਂ ਵਿੱਚ ਸਮੇਂ-ਸਮੇਂ ਦੌਰਾਨ ਹੋਈਆਂ ਸੋਧਾਂ ਅਨੁਸਾਰ ਭਰੀਆਂ ਜਾਣਗੀਆਂ। ਉਪਰੋਕਤ ਟੇਬਲ ਵਿੱਚ ਦਰਸਾਈਆਂ ਯੋਗਤਾਵਾਂ ਦੇ ਨਾਲ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: G.S.R.34/Const./Art.309/Amd.(2)/2020 ਮਿਤੀ 19.06.2020 ਵਿੱਚ ਦਰਜ ਪ੍ਰੋਵੀਜ਼ਨ ਅਨੁਸਾਰ ਵੀ ਉਮੀਦਵਾਰ ਉਕਤ ਅਸਾਮੀ ਲਈ ਅਪਲਾਈ ਕਰ ਸਕਦੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹੈ:

2. In the Punjab Educational Service (School and Inspection) Group 'B' Service Rules, 2018 (hereinafter referred to as the 'said rules'), in rule 6, for sub-rule (2), the following sub-rule shall be substituted, namely:-

"(2) No person shall be appointed to a post in the Service unless he posses the qualification and experience as specified against the post in Appendix 'B':

Provided that the candidates, who have secured fifty percent marks in Graduation or Post Graduation or M.A. or M.Sc., as the case may be, in the case of Scheduled Castes, Scheduled Tribes, Other Backward Classes, Backward Classes and Physically Handicapped candidates, shall be considered for appointment into the Service under these rules."

**ਨੋਟ** :- ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਪੂਰੀਆਂ ਕਰਦੇ ਉਮੀਦਵਾਰਾਂ ਨੂੰ ਹੀ ਵਿਚਾਰਿਆ ਜਾਵੇਗਾ।।

**2. <u>ਚੋਣ ਦਾ ਢੰਗ:</u>**

**(i)** ਜਿਨ੍ਹਾਂ ਉਮੀਦਵਾਰਾਂ ਵੱਲੋਂ ਆਨ-ਲਾਈਨ ਅਪਲਾਈ ਕੀਤਾ ਜਾਵੇਗਾ ਉਨ੍ਹਾ ਸਮੂਹ ਉਮੀਦਵਾਰਾਂ ਦਾ ਸਟੇਟ ਪੱਧਰ ਤੇ 150 ਅੰਕਾਂ ਦਾ ਇੱਕ ਵਿਭਾਗੀ ਲਿਖਤੀ ਟੈਸਟ **(Objective Multiple Choice)** ਲਿਆ ਜਾਵੇਗਾ। ਲਿਖਤੀ ਟੈਸਟ ਦੇ ਨੰਬਰਾਂ ਦੇ ਅਧਾਰ ਤੇ ਉਮੀਦਵਾਰਾਂ ਨੂੰ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਵੇਗਾ। ਦਸਤਾਵੇਜ਼ਾਂ ਦੀ ਸਕਰੂਟਨੀ ਉਪਰੰਤ ਜੋ ਉਮੀਦਵਾਰ ਇਨ੍ਹਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਅਤੇ ਨਿਰਧਾਰਿਤ ਹੋਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ, ਉਨ੍ਹਾਂ ਉਮੀਦਵਾਰਾਂ ਦੀ ਮੈਰਿਟ ਲਿਖਤੀ ਟੈਸਟ ਦੇ ਅੰਕਾਂ ਦੇ ਅਧਾਰ ਤੇ ਕੀਤੀ ਜਾਵੇਗੀ।

(ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਵਿਭਾਗੀ ਲਿਖਤੀ ਟੈਸਟ ਵਿੱਚੋਂ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋ ਇੱਕੋ ਜਿਹੇ ਹੋਣ ਤਾਂ ਜਿਸ ਉਮੀਦਵਾਰ ਦੇ ਪ੍ਰੋਫੈਸ਼ਨਲ ਡਿਗਰੀ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ)।

**3. <u>ਅਸਾਮੀਆਂ ਦੇ ਪੇਅ ਲੈਵਲ/ਸਕੇਲ:</u>**

ਉਕਤ ਅਸਾਮੀਆਂ ਤੇ ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ ਲੈਕਚਰਾਰ ਕਾਡਰ (ਗਰੁੱਪ-ਬੀ) ਦੇ ਰੂਲਜ਼ ਦੀ ਗਜ਼ਟ ਨੋਟੀਫਿਕੇਸ਼ਨ ਮਿਤੀ 12.06.2025 ਅਨੁਸਾਰ ਨਿਰਧਾਰਿਤ ਕੀਤਾ ਗਿਆ ਪੇਅ ਲੈਵਲ/ਸਕੇਲ, ਜੋ ਕਿ 35400/- ਰੁਪਏ ਹੈ, ਲਾਗੂ ਹੋਵੇਗਾ।

4. **ਉਮਰ ਸੀਮਾ:**

i) ਮਿਤੀ 01.01.2026 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

ii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਲਈ ਉੱਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

iii) ਪੰਜਾਬ, ਹੋਰ ਰਾਜਾਂ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉੱਪਰਲੀ ਉਮਰ ਸੀਮਾ ਦੀ ਹੱਦ ਮਿਤੀ 01.01.2026 ਨੂੰ 45 ਸਾਲ ਹੋਵੇਗੀ।

iv) ਪੰਜਾਬ ਰਾਜ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਲਈ ਉਮਰ ਦੀ ਉੱਪਰਲੀ ਸੀਮਾ ਦੀ ਹੱਦ 40 ਸਾਲ ਹੋਵੇਗੀ।

v) ਪੰਜਾਬ ਦੇ ਵਸਨੀਕ ਵਿਕਲਾਂਗਾ ਲਈ ਉਮਰ ਦੀ ਉੱਪਰਲੀ ਸੀਮਾ ਹੱਦ ਵਿੱਚ 10 ਸਾਲ ਦੀ ਛੋਟ ਹੋਵੇਗੀ।

vi) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚਦੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉੱਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਪਵੇਗੀ।

vii) ਉਮੀਦਵਾਰਾਂ ਨੂੰ ਉਮਰ ਦੀ ਉਪਰਲੀ ਸੀਮਾਂ ਦੀ ਹੱਦ ਦੀ ਛੋਟ ਕੇਵਲ ਉਪਰੋਕਤ ਮੱਦਾਂ ਵਿੱਚੋਂ ਕੇਵਲ ਇੱਕ ਮੱਦ, ਜੋ ਵੀ ਵਧੇਰੇ ਹੋਵੇ, ਅਨੁਸਾਰ ਹੀ ਮਿਲਣਯੋਗ ਹੋਵੇਗੀ ਭਾਵ ਕੋਈ ਵੀ ਉਮੀਦਵਾਰ ਦੋ ਜਾਂ ਦੋ ਤੋਂ ਵੱਧ ਮੱਦਾਂ ਅਧੀਨ ਉਮਰ ਦੀ ਉਪਰਲੀ ਸੀਮਾਂ ਦੀ ਛੋਟ ਕਲੇਮ ਨਹੀਂ ਕਰ ਸਕੇਗਾ।

viii) ਪੰਜਾਬ ਸਰਕਾਰ ਦੇ ਪੱਤਰ ਨੰ: 01/99/2026-1ਕੈਬ/2203, ਮਿਤੀ 10.06.2026 ਅਨੁਸਾਰ ਸਾਰੇ ਵਰਗਾਂ ਦੇ ਉਮੀਦਵਾਰਾਂ ਨੂੰ ਉਪਰਲੀ ਉਮਰ ਸੀਮਾਂ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

5. **ਬਿਨੈ-ਪੱਤਰ ਦੀ ਪ੍ਰੋਸੈਸਿੰਗ ਫੀਸ:-**

| | | |
|---|---|---|
| i. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ | : 2000/- ਰੁਪਏ |
| ii. | ਰਿਜ਼ਰਵ ਕੈਟਾਗਰੀ (ਐਸ.ਸੀ./ਐਸ.ਟੀ) | : 1000/- ਰੁਪਏ |
| iii. | ਸਾਬਕਾ ਸੈਨਿਕ (ਖੁਦ) | : ਕੋਈ ਨਹੀਂ |

ਨੋਟ:- ਸਾਬਕਾ ਸੈਨਿਕਾਂ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਕੇਵਲ ਇਸ ਸ਼ਰਤ ਤੇ ਦਿੱਤੀ ਜਾਵੇਗੀ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਜਾਂ ਨਿਸਚਿਤ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾਂ ਕੀਤਾ ਗਿਆ ਹੋਵੇ। ਸਾਬਕਾ ਸੈਨਿਕਾਂ ਤੇ ਆਸ਼ਰਿਤਾ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ **Lineal Descendent Certificate (LDC)** ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਾ ਹੋਵੇਗਾ। ਉਸ ਉਪਰੰਤ ਉਮੀਦਵਾਰ ਨੂੰ ਸਰਟੀਫਿਕੇਟ ਸਬਮਿਟ ਕਰਨ ਦਾ ਕੋਈ ਮੌਕਾ ਨਹੀ ਦਿੱਤਾ ਜਾਵੇਗਾ। **ਗਲਤ ਤੱਥਾਂ ਦੇ ਅਧਾਰ ਤੇ ਫੀਸ ਦੀ ਛੋਟ ਲੈਣ ਵਾਲੇ ਉਮੀਦਵਾਰਾਂ ਨੂੰ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵਲੋਂ ਅਗਲੇ ਤਿੰਨ ਸਾਲਾਂ ਵਿੱਚ ਆਉਣ ਵਾਲੀਆਂ ਸਮੂਹ ਭਰਤੀਆਂ ਲਈ ਬਲੈਕਲਿਸਟ ਕਰ ਦਿੱਤਾ ਜਾਵੇਗਾ।**

6. **ਆਮ ਸ਼ਰਤਾਂ:-**

I. ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ, ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ,ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ

ਕੋਰਟ ਦੇ SLP(CIVIL) No. 23507 of 2010 in CWP NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਫੈਸਲੇ ਤੇ ਨਿਰਭਰ ਹੈ।

II. ਜਿਹੜੇ ਉਮੀਦਵਾਰਾਂ ਵਲੋਂ ਆਪਣੀ ਵਿੱਦਿਅਕ ਯੋਗਤਾ (ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ/ਬੀ.ਐੱਡ ਡਿਗਰੀ ਆਦਿ) ਪੰਜਾਬ ਰਾਜ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਤੋਂ ਡਿਸਟੈਂਸ ਮੋਡ ਰਾਹੀਂ ਪ੍ਰਾਪਤ ਕੀਤੀ ਹੈ, ਅਜਿਹੇ ਉਮੀਦਵਾਰਾਂ ਦੀ ਪਾਤਰਤਾ ਮਾਨਯੋਗ ਸੁਪਰੀਮ ਕੋਰਟ, ਨਵੀਂ ਦਿੱਲੀ ਦੇ ਐਸ.ਐਲ.ਪੀ. ਡਾਇਰੀ ਨੰ: 46242 ਆਫ 2025 ਪੰਜਾਬ ਸਰਕਾਰ ਅਤੇ ਹੋਰ ਬਨਾਮ ਕਰਮਜੀਤ ਕੌਰ ਅਤੇ ਹੋਰ ਕੇਸ ਦੇ ਫੈਸਲੇ ਦੇ ਅਧਾਰ ਤੇ ਨਿਰਭਰ ਹੋਵੇਗੀ।

III. ਇਨ੍ਹਾਂ ਅਸਾਮੀਆਂ ਤੇ ਰਾਖਵਾਂਕਰਨ, ਪੰਜਾਬ ਸਰਕਾਰ ਭਲਾਈ ਵਿਭਾਗ (ਰਿਜਰਵੇਸ਼ਨ ਸੈਲ) ਦੇ ਪੱਤਰ ਨੰ. 1/52/95-ਰਸ1/713 ਮਿਤੀ 17-01-1996 ਅਤੇ ਪ੍ਰਸੋਨਲ ਵਿਭਾਗ ਪੰਜਾਬ ਸਰਕਾਰ ਦੇ ਪੱਤਰ ਨੰ. 8/2/2019-3ਪੀ.ਪੀ.1/124 ਮਿਤੀ 29.01.2021 ਅਤੇ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਲਾਗੂ ਹੋਵੇਗਾ।

IV. ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ। ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਸਮਰੱਥ ਅਧਿਕਾਰੀ ਦੁਆਰਾ ਜਾਰੀ ਆਮਦਨ ਸਰਟੀਫਿਕੇਟ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

V. ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਤੇ ਹੀ ਲਾਗੂ ਹੋਵੇਗਾ। ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਣ, ਤਾਂ ਹੀ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ। ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ। ਜੋ ਸੈਨਿਕ ਅਜੇ ਫੌਜ ਦੀ ਸੇਵਾ ਵਿਚ ਹਨ, ਉਹਨਾ ਵਿਚੋ ਉਹੀ ਸੈਨਿਕ ਇਸ ਅਸਾਮੀ ਲਈ ਅਪਲਾਈ ਕਰ ਸਕਦੇ ਹਨ ਜੋ ਇਸ ਭਰਤੀ ਲਈ ਅਪਲਾਈ ਕਰਨ ਦੀ ਆਖਰੀ ਮਿਤੀ ਤੋ ਇਕ ਸਾਲ ਦੇ ਅੰਦਰ ਅੰਦਰ ਰਿਟਾਇਰ ਹੋ ਰਹੇ ਹਨ। ਅਜਿਹੇ ਸੈਨਿਕਾ ਵਲੋ ਸਮਰੱਥ ਅਥਾਰਟੀ ਵਲੋ ਜਾਰੀ NOC ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇ ਪੇਸ਼ ਕਰਨਾ ਲਾਜਮੀ ਹੋਵੇਗਾ।

VI. ਸੁਤੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ:16/57-97-8ਪੀ-3ਸਪੈ 503 ਮਿਤੀ 27.11.2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

VII. ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਸਪੋਰਟਸ ਗ੍ਰੇਡੇਸ਼ਨ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਜਿਸਦੀ ਡਾਇਰੈਕਟਰ ਸਪੋਰਟਸ ਪੰਜਾਬ ਵਲੋਂ ਗ੍ਰੇਡੇਸ਼ਨ ਕੀਤੀ ਹੋਵੇ। ਸਪੋਰਟਸ ਕੈਟਾਗਿਰੀ ਵਿਚ ਸਿਰਫ ਸਪੋਰਟਸ ਮੈਰਿਟ ਨੂੰ ਹੀ ਆਧਾਰ ਮੰਨਿਆ ਜਾਵੇਗਾ ਜੋ ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ ਆਪਣੇ ਨਿਯਮਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

VIII. ਦਿਵਿਆਂਗ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ,ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ: 1/1/2017-3DC/1588894/1 ਮਿਤੀ 03.10.2019 ਅਨੁਸਾਰ ਹੋਵੇਗਾ। ਉਮੀਦਵਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ, ਜਿਸ ਵਿਚ ਉੱਪਰਲੀ ਜਾਂ ਹੇਠਲੀ ਅੰਗਹੀਣਤਾ ਹੱਦ ਦੇ 40% ਸਥਾਈ/ਅੰਸ਼ਿਕ ਦਰਜ ਹੋਵੇ। ਇਸ ਸਰਟੀਫਿਕੇਟ ਵਿੱਚ ਸਿਵਲ ਰੁਜ਼ਗਾਰ/ਨਿਰਧਾਰਿਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਜ਼ਿਲ੍ਹੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਿਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

IX. ਇਹ ਅਸਾਮੀਆਂ 'The Punjab Civil Services (Reservation of Posts for Women) Rules, 2020' ਜੋ ਕਿ ਮਿਤੀ 21.10.2020, 29.12.2020 ਨੂੰ ਅਧਿਸੂਚਿਤ ਕੀਤੇ ਗਏ ਹਨ, ਅਨੁਸਾਰ ਭਰੀਆਂ ਜਾਣੀਆਂ ਹਨ।

X. ਵਿਮੁਕਤ ਜਾਤੀ ਦੇ ਉਮੀਦਵਾਰਾਂ ਨੂੰ ਰਾਖਵਾਂਕਰਨ ਪੰਜਾਬ ਸਰਕਾਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਨੰ: 1/3/98-RCI/948 ਮਿਤੀ 20.12.2001 ਅਨੁਸਾਰ ਮਿਲਣਯੋਗ ਹੋਵੇਗਾ।

XI. ਪੰਜਾਬ ਰਾਜ ਦੇ ਆਰਥਿਕ ਤੌਰ ਤੇ ਪਿੱਛੜੇ ਵਰਗ (EWS) ਦੇ ਉਮੀਦਵਾਰਾਂ ਦਾ ਰਾਖਵਾਕਰਨ ਪੰਜਾਬ ਸਰਕਾਰ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਨੰ. 1/3/2019-RCI/120 ਮਿਤੀ 28-05-2019, ਪੱਤਰ ਨੰ.1/16/2019-RCI/116 ਮਿਤੀ 14-05-2019 ਅਤੇ ਪੱਤਰ ਨੰ. 1/103761/2025 ਮਿਤੀ 10.02.2025 ਅਨੁਸਾਰ ਹੋਵੇਗਾ। ਆਰਥਿਕ ਤੌਰ ਤੇ ਪਿੱਛੜੇ ਵਰਗ (EWS) ਦਾ ਸਰਟੀਫਿਕੇਟ ਵਿੱਤੀ ਸਾਲ 2025-26 ਦੀ ਆਮਦਨ ਦੇ ਆਧਾਰ ਤੇ ਸਾਲ 2026-27 ਵਿਚ ਜਾਰੀ ਹੋਇਆ ਹੋਵੇ।

XII. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਸਨੀਕਾਂ ਨੂੰ ਹੀ ਪ੍ਰਾਪਤ ਹੋਵੇਗਾ।

XIII. ਰਾਖਵਾਕਰਨ ਸਬੰਧੀ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਮੇਂ ਤੇ ਜਾਰੀ ਹਦਾਇਤਾਂ ਇਸ ਭਰਤੀ ਉੱਪਰ ਲਾਗੂ ਹੋਣਗੀਆਂ।

XIV. ਉਮੀਦਵਾਰ ਵੱਲੋਂ ਭਰੀ ਗਈ ਕੈਟਾਗਰੀ ਹੀ ਅੰਤਿਮ ਮੰਨੀ ਜਾਵੇਗੀ ਅਤੇ ਉਸੇ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਜਿਸ ਵਿੱਚ ਉਮੀਦਵਾਰ ਦੀ ਫੀਸ ਭਰੀ ਗਈ/ਕਨਫਰਮ ਹੋਈ ਹੋਵੇ। ਕੈਟਾਗਰੀ ਸਬੰਧੀ ਕਿਸੇ ਵੀ ਪੱਧਰ ਤੇ ਕੋਈ ਵੀ ਤਬਦੀਲੀ ਨਹੀਂ ਕੀਤੀ ਜਾਵੇਗੀ।

XV. ਜਿਹੜੇ ਉਮੀਦਵਾਰ ਵਿਮੁਕਤ ਜਾਤੀ ਨਾਲ ਸਬੰਧਤ ਹੋਣਗੇ ਉਹ ਆਨਲਾਈਨ ਅਪਲਾਈ ਕਰਨ ਸਮੇਂ ਆਪਣੀ ਹੀ ਕੈਟਾਗਰੀ ਵਿੱਚ ਅਪਲਾਈ ਕਰਨਗੇ। ਕਿਸੇ ਕਾਰਨ ਜੇਕਰ ਆਨਲਾਈਨ ਅਰਜ਼ੀ ਸਬਮਿਟ ਕਰਨ ਵੇਲੇ ਵਿਮੁਕਤ ਜਾਤੀ ਦੀ ਆਪਸ਼ਨ ਨਹੀਂ ਆਉਂਦੀ ਤਾਂ ਵਿਮੁਕਤ ਜਾਤੀ ਦੇ ਉਮੀਦਵਾਰ ਆਪਣੀ ਮੇਨ ਕੈਟਾਗਰੀ ਐਸ.ਸੀ. (ਆਰ ਐਂਡ ਓ) ਵਿਚ ਅਪਲਾਈ ਕਰਨਗੇ ਅਤੇ ਅਜਿਹੇ ਉਮੀਦਵਾਰਾਂ ਤੋਂ ਵਿਮੁਕਤ ਜਾਤੀ ਨੂੰ ਮਿਲਣ ਵਾਲੇ ਰਾਖਵੇਕਰਨ ਦਾ ਲਾਭ ਸਕਰੂਟਨੀ ਸਮੇਂ ਜਾਣਕਾਰੀ/ਦਸਤਾਵੇਜ ਪ੍ਰਾਪਤ ਕਰਕੇ ਵਿਮੁਕਤ ਜਾਤੀ ਰਾਖਵਾਕਰਨ ਸਬੰਧੀ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।

XVI. ਉਮੀਦਵਾਰ ਘੱਟ ਤੋਂ ਘੱਟ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੋਵੇ।

XVII. ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

XVIII. ਉਪਰੋਕਤ ਦਰਸਾਈਆਂ ਪੋਸਟਾਂ ਪੰਜਾਬ ਸਰਕਾਰ/ਸਿੱਖਿਆ ਵਿਭਾਗ ਵੱਲੋ ਉਮੀਦਵਾਰਾਂ ਨੂੰ ਸੂਚਿਤ ਕੀਤੇ ਬਿਨ੍ਹਾਂ ਭਰਤੀ ਮੁਕੰਮਲ ਹੋਣ ਤੋ ਪਹਿਲਾਂ ਕਿਸੇ ਵੀ ਸਮੇ ਘਟਾਈਆਂ ਅਤੇ ਵਧਾਈਆਂ ਜਾ ਸਕਦੀਆਂ ਹਨ ।

XIX. ਇਸ ਵਿਗਿਆਪਨ ਨੂੰ ਕਿਸੇ ਵੀ ਕਾਰਨ ਰੱਦ ਕਰਨ ਦਾ ਅਧਿਕਾਰ ਪੰਜਾਬ ਸਰਕਾਰ/ਸਿੱਖਿਆ ਵਿਭਾਗ ਪਾਸ ਹੋਵੇਗਾ।

XX. ਆਨਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

XXI. ਐਪਲੀਕੇਸ਼ਨ ਫਾਰਮ ਵਿੱਚ ਇੱਕ ਵਾਰ ਡਾਟਾ ਭਰਨ ਤੋਂ ਬਾਅਦ ਅਤੇ ਅਪਰੂਵ ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾਂ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀ ਬੇਨਤੀ ਦਫ਼ਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ। ਐਪਲੀਕੇਸ਼ਨ ਫਾਰਮ ਸਹੀ/ਗਲਤ ਭਰਨ ਸਬੰਧੀ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ।

XXII. ਉਮੀਦਵਾਰ ਵੱਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਨਿਯੁਕਤੀ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

XXIII. ਇਸ ਭਰਤੀ ਸਬੰਧੀ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

XXIV. ਉਮੀਦਵਾਰ ਵੱਲੋਂ ਆਪਣਾ ਮੋਬਾਇਲ ਨੰਬਰ, ਈ-ਮੇਲ ਪਤਾ, ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ IFSC, ਬ੍ਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ। ਉਮੀਦਵਾਰਾਂ ਨੂੰ ਸਲਾਹ

ਦਿੱਤੀ ਜਾਂਦੀ ਹੈ ਕਿ ਇਹ ਭਰਤੀ ਮੁਕੰਮਲ ਹੋਣ ਤੱਕ ਆਪਣੇ ਮੋਬਾਇਲ ਨੰਬਰ ਅਤੇ ਈ-ਮੇਲ ਵਿਚ ਕੋਈ ਤਬਦੀਲੀ ਨਾ ਕਰਨ।

XXV. ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਸਬੰਧ ਰੱਖਦੇ ਹਨ। ਦਸਤਾਵੇਜਾਂ ਦੀ ਸਕਰੂਟਨੀ ਸਮੇਂ ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੋਵੇਗਾ।

XXVI. ਸਾਬਕਾ ਸੈਨਿਕ (ਖੁਦ) ਤੋ ਇਲਾਵਾ ਕਿਸੇ ਵੀ ਹੋਰ ਉਮੀਦਵਾਰ ਨੂੰ ਫੀਸ ਦੀ ਮੁਆਫ਼ੀ/ਛੋਟ ਨਹੀਂ ਦਿੱਤੀ ਜਾਵੇਗੀ।

XXVII. ਮੁਕਾਬਲੇ ਦੀ ਪ੍ਰੀਖਿਆ ਦੌਰਾਨ ਉਮੀਦਵਾਰ ਵੱਲੋਂ ਕਿਸੇ ਕਿਸਮ ਦੀ ਗੜਬੜੀ ਕਰਨ ਦੀ ਸੂਰਤ ਵਿੱਚ ਸਬੰਧਤ ਉਮੀਦਵਾਰ/ਉਮੀਦਵਾਰਾਂ ਨੂੰ ਦਫਤਰ ਡਾਇਰਕੈਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਭਰਤੀਆਂ ਲਈ ਬਲੈਕਲਿਸਟ ਕਰ ਦਿੱਤਾ ਜਾਵੇਗਾ ਅਤੇ ਕੇਸ ਦੇ ਤੱਥਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਸਕੇਗੀ। ਅਜਿਹੇ ਉਮੀਦਵਾਰਾਂ ਦੇ ਵੇਰਵੇ ਪੰਜਾਬ ਰਾਜ ਅੰਦਰ ਬਾਕੀ ਭਰਤੀ ਏਜੰਸੀਆਂ/ ਵਿਭਾਗਾਂ ਨੂੰ ਵੀ ਸੂਚਨਾ/ਯੋਗ ਕਾਰਵਾਈ ਹਿੱਤ ਭੇਜ ਦਿੱਤੇ ਜਾਣਗੇ।

XXVIII. ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਆਮ ਸ਼ਰਤਾਂ/ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖ਼ੁਦ ਅਪਲਾਈ ਕਰੇ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Updates ਦੀ ਜਾਣਕਾਰੀ ਲਈ ਵਿਭਾਗ ਦੀ ਵੈਬਾਸਈਟ erd.punjab.gov.in ਤੇ ਸਮੇਂ-ਸਮੇਂ ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਭਰਤੀ ਨਾਲ ਸਬੰਧਤ ਹਰ ਕਿਸਮ ਦੀ ਜਾਣਕਾਰੀ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਕਰਵਾਈ ਜਾਇਆ ਕਰੇਗੀ। ਭਰਤੀ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਸਬੰਧੀ "ਪਬਲਿਕ ਨੋਟਿਸ"/ਹੋਰ ਜਾਣਕਾਰੀ ਅਖਬਾਰਾਂ ਵਿੱਚ ਜਾਂ ਕਿਸੇ ਹੋਰ ਸਾਧਨ ਰਾਹੀਂ ਪ੍ਰਕਾਸ਼ਿਤ/ਉਪਲਬਧ ਨਹੀਂ ਕਰਵਾਈ ਜਾਵੇਗੀ।

**ਜ਼ਰੂਰੀ ਨੋਟ:-**

(1) ਉਮੀਦਵਾਰਾਂ ਦੀ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਦੇ ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ/ਜਾਰੀ ਹੋਏ ਹੋਣ।

(2) ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਗਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ./ਐਸ.ਟੀ., ਬੀ.ਸੀ., ਅੰਗਹੀਣ, EWS ਦੇ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ/ਚੈੱਕ ਕਰਵਾਉਣ ਉਪਰੰਤ ਮੰਨਣ ਯੋਗ ਹੋਣਗੇ। ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਸਮੇ ਇਕ ਸਵੈ-ਘੋਸ਼ਣਾ ਪੱਤਰ ਦੇਵੇਗਾ ਕਿ ਉਸ ਖਿਲਾਫ ਕੋਈ ਕੋਰਟ ਕੇਸ/ ਪੁਲਿਸ ਕੇਸ ਪੈਡਿੰਗ ਨਹੀ ਹੈ। ਸਕਰੂਟਨੀ ਪ੍ਰੋਸੈਸ ਖ਼ਤਮ ਹੋਣ ਤੋਂ ਬਾਅਦ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਸਰਟੀਫਿਕੇਟ/ ਦਸਤਾਵੇਜ ਜਮ੍ਹਾਂ ਕਰਨ ਸਬੰਧੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

(3) ਇੱਕ ਉਮੀਦਵਾਰ ਇੱਕ ਵਿਸ਼ੇ ਲਈ (Fresh and Backlog ਵਿੱਚ) ਇੱਕ ਹੀ ਰਜਿਸਟ੍ਰੇਸ਼ਨ ਕਰੇਗਾ ਕਿਉਂਜੋ ਲੈਕਚਰਾਰ ਕਾਡਰ ਵਿੱਚ ਬੈਕਲਾਗ ਅਤੇ ਫਰੈਸ਼ ਦੀਆਂ ਪੋਸਟਾਂ ਇਸ਼ਤਿਹਾਰਿਤ ਕੀਤੀਆਂ ਗਈਆਂ ਹਨ ਅਤੇ ਇਹ ਵੀ ਸੰਭਾਵਨਾ ਬਣ ਸਕਦੀ ਹੈ ਕਿ ਕੋਈ ਉਮੀਦਵਾਰ Fresh and Backlog ਦੋਵੇਂ ਇਸ਼ਤਿਹਾਰਾਂ ਵਿੱਚ ਇੱਕ ਹੀ ਕੈਟਾਗਰੀ ਜਾਂ ਵੱਖ-2 ਕੈਟਾਗਰੀ ਵਿੱਚ ਅਪਲਾਈ ਕਰੇਗਾ ਤਾਂ ਉਸ ਸਥਿਤੀ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ Fresh and Backlog ਪੋਸਟਾਂ ਦੇ ਇਸ਼ਤਿਹਾਰ ਵਿਰੁੱਧ, ਅਜਿਹੀ ਸਥਿਤੀ ਵਿੱਚ, ਜੇਕਰ ਸਬੰਧਤ ਉਮੀਦਵਾਰ ਨੂੰ ਦੋ ਜਾਂ ਦੋ ਤੋਂ ਵੱਧ ਰੋਲ ਨੰਬਰ ਜਾਰੀ ਹੋ ਜਾਂਦੇ ਹਨ ਤਾਂ ਉਮੀਦਵਾਰ ਨੇ ਜਿਸ ਵੀ ਕਿਸੇ ਇਸ਼ਤਿਹਾਰ (Fresh and Backlog) ਵਿੱਚ ਅਪਲਾਈ ਕੀਤੀ ਕੈਟਾਗਰੀ ਵਿਰੁੱਧ ਜਾਰੀ ਹੋਏ ਰੋਲ ਨੰਬਰ ਅਨੁਸਾਰ ਇਮਤਿਹਾਨ ਵਿੱਚ ਬੈਠੇਗਾ, ਉਸੇ ਅਨੁਸਾਰ ਉਮੀਦਵਾਰ ਨੂੰ ਸਬੰਧਤ ਵਿਸ਼ੇ ਦੇ ਇਸ਼ਤਿਹਾਰ ਦੀ ਉਸ ਕੈਟਾਗਰੀ ਵਿੱਚ ਹੀ ਵਿਚਾਰਿਆ ਜਾਵੇਗਾ। ਉਸ ਵਿਸ਼ੇ ਦੇ ਦੂਜੇ ਇਸ਼ਤਿਹਾਰ ਦੀ ਅਪਲਾਈ ਕੀਤੀ ਗਈ ਕੈਟਾਗਰੀ ਵਿੱਚ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਉਹ ਇਮਤਿਹਾਨ ਦਾ ਨਤੀਜਾ ਆਉਣ ਤੋਂ 15 ਦਿਨ ਦੇ ਵਕਫੇ ਦੌਰਾਨ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਦਫਤਰ ਵਿਖੇ ਲਿਖਤੀ ਪ੍ਰਤੀਬੇਨਤੀ ਦੇਵੇਗਾ।

(4) ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਭਰਤੀ ਨਾਲ ਸਬੰਧਤ ਕਿਸੇ ਵੀ ਪ੍ਰਕਾਰ ਦੇ ਇਤਰਾਜ਼/ਸ਼ਿਕਾਇਤ, ਜੇਕਰ ਕੋਈ ਹੋਵੇ, ਦੀ ਸੂਰਤ ਵਿੱਚ ਕਿਸੇ ਵੀ ਪ੍ਰਕਾਰ ਦੀ ਕਾਨੂੰਨੀ ਕਾਰਵਾਈ ਕਰਨ ਤੋਂ ਪਹਿਲਾਂ ਆਪਣੀ ਪ੍ਰਤੀਬੇਨਤੀ/ਸ਼ਿਕਾਇਤ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਦਫਤਰ ਵਿਖੇ ਜਮ੍ਹਾਂ ਕਰਵਾ ਸਕਦਾ ਹੈ।

7. <u>ਆਨ-ਲਾਈਨ ਅਪਲਾਈ ਕਰਨ ਦੀ ਵਿਧੀ:-</u>

(1) ਵੈਬਸਾਈਟ erd.punjab.gov.in

(2) ਉਮੀਦਵਾਰ ਇਸ ਭਰਤੀ ਲਈ ਸਿਰਫ ਇਕ ਹੀ ਕੈਟੇਗਰੀ ਵਿੱਚ ਅਪਲਾਈ ਕਰ ਸਕਦਾ ਹੈ।

(3) ਉਮੀਦਵਾਰ ਵੱਲੋਂ ਕੇਵਲ ਇੱਕ ਹੀ ਰਜਿਸਟ੍ਰੇਸ਼ਨ ਕੀਤੀ ਜਾਵੇ, ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਕੈਟਾਗਰੀ ਵਿੱਚ ਅਪਲਾਈ ਕਰਦਾ ਹੈ ਤਾਂ ਉਸ ਸੂਰਤ ਵਿੱਚ ਪਹਿਲੀ ਰਜਿਸਟ੍ਰੇਸ਼ਨ/ਐਪਲੀਕੇਸ਼ਨ ਹੀ ਵੈਧ ਮੰਨੀ ਜਾਵੇਗੀ ਅਤੇ ਅਗਲੀਆਂ ਰਜਿਸਟ੍ਰੇਸ਼ਨ/ ਐਪਲੀਕੇਸ਼ਨ (ਜੇ ਕੋਈ ਹੋਣ) ਆਪਣੇ ਆਪ ਕੈਂਸਲ ਹੋਈਆਂ ਵਿਚਾਰੀਆਂ ਜਾਣਗੀਆਂ।

(4) ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ New Registration ਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸਨ ਕਰਨ ਉਪਰੰਤ ਰਜਿਸਟ੍ਰੇਸਨ ਵਾਲੀ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(5) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਆਪਣੇ ਵਿਵੇਕ ਅਤੇ ਯੋਗਤਾ ਅਨੁਸਾਰ ਵਿਸ਼ੇ/ਵਿਸ਼ਿਆਂ ਦੇ ਇਸ਼ਤਿਹਾਰ/ਇਸ਼ਤਿਹਾਰਾਂ ਦੇ ਵਿਰੁੱਧ ਆਪਣੀ ਅਰਜ਼ੀ(ਆਂ) (Application(s)) ਆਨਲਾਈਨ ਸਬਮਿਟ ਕਰੇਗਾ ਅਤੇ ਨਾਲ ਹੀ ਬਣਦੀ ਫੀਸ Application Fee ਨਾਮ ਦੇ ਲਿੰਕ ਉੱਤੇ Click ਕਰਕੇ ਫੀਸ ਆਨਲਾਈਨ ਭਰੇਗਾ।

(6) ਫੀਸ ਦੀ Confirmation ਹੋਣ ਉਪਰੰਤ ਆਪਣੇ Application Form ਦਾ Print Out ਜਰੂਰ ਲਿਆ ਜਾਵੇ ਅਤੇ ਇਸਨੂੰ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

(7) **ਉਮੀਦਵਾਰ ਆਪਣੀ ਇੱਕ ਪਾਸਪੋਰਟ ਸਾਇਜ ਫੋਟੋ (2.5x3.5 inches, 80% of face should be visible including ears), ਇੱਕ ਪੋਸਟਕਾਰਡ ਸਾਇਜ ਫੋਟੋ (4x6 inches, 80% of face should be visible including ears) ਜੋ ਕਿ ਸਫੇਦ ਪਿੱਠਭੂਮੀ (background) ਦੀ ਹੋਵੇ ਅਤੇ ਬਿਨ੍ਹਾਂ ਟੋਪੀ ਤੇ ਬਿਨ੍ਹਾ ਐਨਕ (goggles) ਤੋਂ ਹੋਵੇ, ਅਪਲੋਡ ਕਰੇਗਾ। ਫੋਟੋ ਤਾਜ਼ਾ ਖਿੱਚੀ ਹੋਈ (ਜਿਸਦੇ ਥੱਲੇ ਫੋਟੋ ਖਿੱਚਣ ਦੀ ਮਿਤੀ ਦਰਜ ਹੋਵੇ), ਫੋਟੋ ਸਾਫ ਅਤੇ ਰੰਗੀਨ ਹੋਣੀ ਚਾਹੀਦੀ ਹੈ। ਉਮੀਦਵਾਰ ਇੱਕ ਸਫੇਦ ਕਾਗਜ ਤੇ ਦੋਨੋ ਹੱਥਾਂ ਦੀਆਂ ਸਾਰੀਆਂ ਉਂਗਲੀਆਂ ਸਮੇਤ ਅੰਗੂਠੇ ਦੇ ਨਿਸ਼ਾਨ ਸਕੈਨ ਕਰਕੇ ਅਤੇ ਸਕੈਨ ਕੀਤੇ ਹਸਤਾਖਰ/ ਦਸਤਖਤ ਆਨਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ।**

<u>ਜਰੂਰੀ ਤਰੀਕਾਂ:</u>

ਉਮੀਦਵਾਰ ਆਨਲਾਈਨ ਫੀਸ ਭਰਨ ਦੀ ਆਖਰੀ ਮਿਤੀ 31.07.2026 ਹੋਵੇਗੀ।

25/06/2026

**ਸਹਾਇਕ ਡਾਇਰੈਕਟਰ,**
**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ**